Punjabi - Number 124a
October 2025

# ਕੋਵਿਡ-19 mRNA ਵੈਕਸੀਨਾਂ

## COVID-19 mRNA vaccines

ਟੀਕਾਕਰਨ ਨੇ ਪਿਛਲੇ 50 ਸਾਲਾਂ ਵਿੱਚ ਕੈਨੇਡਾ ਵਿੱਚ ਹੋਰ ਕਿਸੇ ਵੀ ਸਿਹਤ ਉਪਾਅ ਨਾਲੋਂ ਵਧੇਰੇ ਜਾਨਾਂ ਬਚਾਈਆਂ ਹਨ।

### ਕੋਵਿਡ-19 mRNA ਵੈਕਸੀਨਾਂ ਕੀ ਹਨ?

ਕੋਵਿਡ-19 mRNA ਵੈਕਸੀਨਾਂ ਜਿਵੇਂ ਕਿ ਮੋਡਰਨਾ (ਸਪਾਇਕਵੈਕਸ-Spikevax) ਅਤੇ ਫਾਈਜ਼ਰ-ਬਿਓਨਟੈਕ (ਕੋਮਿਰਨਾਟੀ - Comirnaty) ਸਵੀਅਰ ਐਕਿਊਟ ਰੇਸਪੀਰੇਟਰੀ ਸਿੰਡਰੋਮ ਕੋਰੋਨਾਵਾਇਰਸ 2 (SARS-CoV-2) ਤੋਂ ਹੋਣ ਵਾਲੀ ਲਾਗ ਤੋਂ ਬਚਾਉਂਦੀਆਂ ਹਨ ਜੋ ਕੋਵਿਡ-19 ਦਾ ਕਾਰਨ ਬਣਦਾ ਹੈ। ਵੈਕਸੀਨਾਂ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹਨ।

### ਵੈਕਸੀਨਾਂ ਕਿਸਨੂੰ ਲਗਵਾਉਣੀਆਂ ਚਾਹੀਦੀਆਂ ਹਨ?

ਇੰਨ੍ਹਾਂ ਵੈਕਸੀਨਾਂ ਨੂੰ 6 ਮਹੀਨੇ ਅਤੇ ਉਸ ਤੋਂ ਵੱਧ ਉਮਰ ਦੇ ਲੋਕਾਂ ਲਈ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਹਨਾਂ ਵੈਕਸੀਨਾਂ ਦੀ ਸਿਫਾਰਸ਼ ਉਹਨਾਂ ਲੋਕਾਂ ਲਈ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਲਾਗ ਜਾਂ ਗੰਭੀਰ ਬਿਮਾਰੀ ਦਾ ਵੱਧ ਖ਼ਤਰਾ ਹੁੰਦਾ ਹੈ, ਜਿਸ ਵਿੱਚ ਸ਼ਾਮਲ ਹਨ:

- 65 ਸਾਲ ਜਾਂ ਉਸ ਤੋਂ ਵਧ ਉਮਰ ਦੇ ਲੋਕ
- ਲੌਂਗ ਟਰਮ ਕੇਅਰ ਅਤੇ ਸਹਾਇਤਾ ਪ੍ਰਾਪਤ ਰਿਹਾਇਸ਼ੀ ਸਹੂਲਤਾਂ ਦੇ ਨਿਵਾਸੀ (ਪਲੇਸਮੈਂਟ ਦੀ ਉਡੀਕ ਕਰ ਰਹੇ ਲੋਕਾਂ ਸਮੇਤ)
- ਅੰਡਰਲਾਇੰਗ ਮੈਡੀਕਲ ਅਵਸਥਾਵਾਂ ਵਾਲੇ ਲੋਕ
- ਉਹ ਲੋਕ ਜੋ ਗਰਭਵਤੀ ਹਨ
- ਸਿਹਤ ਦੇਖਭਾਲ ਵਰਕਰ
- ਫਸਟ ਰਿਸਪੌਂਡਰ (ਪੁਲਿਸ ਅਫਸਰ, ਫਾਇਰਫਾਈਟਰ, ਅਤੇ ਪੈਰਾਮੈਡਿਕਸ)
- ਇੰਡਿਜਨਸ ਲੋਕ ਅਤੇ ਇੰਡਿਜਨਸ ਭਾਈਚਾਰਿਆਂ ਵਿੱਚ ਰਹਿਣ ਵਾਲੇ ਵਿਅਕਤੀ ਬਸਤੀਵਾਦ ਦੇ ਨਤੀਜੇ ਵਜੋਂ ਸਿਹਤ ਅਸਮਾਨਤਾਵਾਂ ਦੇ ਕਾਰਨ ਇੰਡਿਜਨਸ ਲੋਕਾਂ ਨੂੰ ਕੋਵਿਡ-19 ਤੋਂ ਗੰਭੀਰ ਬਿਮਾਰੀ ਦਾ ਵੱਧ ਜੋਖਮ ਹੋ ਸਕਦਾ ਹੈ।

ਹੋਰ ਜਾਣਕਾਰੀ, ਜਿਸ ਵਿੱਚ ਵੈਕਸੀਨ ਲਈ ਰਜਿਸਟਰ ਕਿਵੇਂ ਕਰਨਾ ਹੈ ਸ਼ਾਮਲ ਹੈ, ਬ੍ਰਿਟਿਸ਼ ਕੋਲੰਬੀਆ ਸਰਕਾਰ ਦੀ ਵੈੱਬਸਾਈਟ: www2.gov.bc.ca/gov/content/covid-19/vaccine/register 'ਤੇ ਮਿਲ ਸਕਦੀ ਹੈ।

### ਵੈਕਸੀਨਾਂ ਕਿਵੇਂ ਦਿੱਤੀਆਂ ਜਾਂਦੀਆਂ ਹਨ?

ਵੈਕਸੀਨਾਂ ਟੀਕੇ ਦੁਆਰਾ ਦਿੱਤੀਆਂ ਜਾਂਦੀਆਂ ਹਨ। 5 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਇੱਕ ਖੁਰਾਕ ਮਿਲਣੀ ਚਾਹੀਦੀ ਹੈ। 6 ਮਹੀਨੇ ਤੋਂ 4 ਸਾਲ ਦੀ ਉਮਰ ਦੇ ਬੱਚਿਆਂ ਅਤੇ ਕਮਜ਼ੋਰ ਇਮਿਊਨ ਸਿਸਟਮਾਂ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਟੀਕਾਕਰਨ ਇਤਿਹਾਸ ਦੇ ਆਧਾਰ 'ਤੇ ਇੱਕ ਤੋਂ ਵੱਧ ਖੁਰਾਕਾਂ ਦੀ ਲੋੜ ਹੋ ਸਕਦੀ ਹੈ।

ਵੈਕਸੀਨ ਦੀਆਂ ਸਾਰੀਆਂ ਸਿਫ਼ਾਰਸ਼ ਕੀਤੀਆਂ ਖੁਰਾਕਾਂ ਪ੍ਰਾਪਤ ਕਰਨਾ ਕੋਵਿਡ-19 ਦੇ ਵਿਰੁੱਧ ਤੁਹਾਡੀ ਸਭ ਤੋਂ ਵਧੀਆ ਸੁਰੱਖਿਆ ਹੈ। ਬੀਮਾਰੀਆਂ ਤੋਂ ਬਚਾਉਣ ਲਈ ਲਗਾਏ ਗਏ ਸਾਰੇ ਟੀਕਿਆਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ।

### ਵੈਕਸੀਨ ਦੇ ਕੀ ਲਾਭ ਹਨ?

ਇਹ ਵੈਕਸੀਨ ਕੋਵਿਡ-19, ਜੋ ਕਿ ਇੱਕ ਗੰਭੀਰ ਅਤੇ ਕਈ ਵਾਰ ਘਾਤਕ ਬਿਮਾਰੀ ਹੈ, ਵਿਰੁੱਧ ਤੁਹਾਡੇ ਬਚਾਅ ਦਾ ਸਭ ਤੋਂ ਵਧੀਆ ਤਰੀਕਾ ਹੈ। ਇਹ ਵੈਕਸੀਨਾਂ ਗੰਭੀਰ ਕੋਵਿਡ-19 ਬਿਮਾਰੀ, ਜਿਸ ਵਿੱਚ ਹਸਪਤਾਲ ਵਿੱਚ ਭਰਤੀ ਹੋਣਾ ਅਤੇ ਮੌਤ ਸ਼ਾਮਲ ਹੈ, ਦੇ ਵਿਰੁੱਧ ਮਜ਼ਬੂਤ ਸੁਰੱਖਿਆ ਪ੍ਰਦਾਨ ਕਰਦੀਆਂ ਹਨ। ਜਦੋਂ ਤੁਸੀਂ ਟੀਕਾਕਰਨ ਕਰਵਾਉਂਦੇ ਹੋ, ਤਾਂ ਤੁਸੀਂ ਦੂਜਿਆਂ ਦੀ ਰੱਖਿਆ ਕਰਨ ਵਿੱਚ ਵੀ ਮਦਦ ਕਰਦੇ ਹੋ, ਜਿਨ੍ਹਾਂ ਵਿੱਚ ਉਹ ਲੋਕ ਵੀ ਸ਼ਾਮਲ ਹਨ ਜੋ ਟੀਕਾਕਰਨ ਨਹੀਂ ਕਰਵਾ ਸਕਦੇ।

### ਵੈਕਸੀਨ ਦੇ ਬਾਅਦ ਦੀਆਂ ਸੰਭਾਵੀ ਪ੍ਰਤੀਕਿਰਿਆਵਾਂ ਕੀ ਹਨ?

ਵੈਕਸੀਨਾਂ ਬਹੁਤ ਸੁਰੱਖਿਅਤ ਹੁੰਦੀਆਂ ਹਨ। ਵੈਕਸੀਨ ਲਗਵਾਉਣਾ ਕੋਵਿਡ-19 ਦਾ ਸ਼ਿਕਾਰ ਹੋਣ ਤੋਂ ਜਿਆਦਾ ਸੁਰੱਖਿਅਤ ਹੈ। ਵੈਕਸੀਨਾਂ ਕਰਕੇ ਤੁਹਾਨੂੰ ਕੋਵਿਡ-19 ਨਹੀਂ ਹੋ ਸਕਦਾ। ਵੈਕਸੀਨਾਂ ਪ੍ਰਤੀ ਆਮ ਪ੍ਰਤੀਕਿਰਿਆਵਾਂ ਵਿੱਚ ਵੈਕਸੀਨ ਲਗਾਈ ਜਾਣ ਵਾਲੀ ਥਾਂ 'ਤੇ ਦਰਦ, ਲਾਲੀ, ਸੋਜ ਅਤੇ ਖੁਜਲੀ ਸ਼ਾਮਲ ਹੋ ਸਕਦੀ ਹੈ। ਕੁਝ ਲੋਕਾਂ ਲਈ, ਇਹ ਪ੍ਰਤੀਕ੍ਰਿਆਵਾਂ ਵੈਕਸੀਨ ਲਗਵਾਉਣ ਤੋਂ 8 ਜਾਂ ਉਸ ਤੋਂ ਵੱਧ ਦਿਨਾਂ ਬਾਅਦ ਦਿਖਾਈ ਦੇ ਸਕਦੀਆਂ ਹਨ। ਹੋਰ ਪ੍ਰਤੀਕ੍ਰਿਆਵਾਂ ਵਿੱਚ ਥਕਾਵਟ, ਸਿਰ ਦਰਦ, ਬੁਖਾਰ, ਠੰਡ ਲੱਗਣਾ, ਮਾਸਪੇਸ਼ੀਆਂ ਜਾਂ ਜੋੜਾਂ ਵਿੱਚ ਦਰਦ, ਕੱਛ ਦੇ ਹੇਠਾਂ ਸੁੱਜੇ ਲਿੰਫ ਨੋਡ, ਮਤਲੀ ਅਤੇ ਉਲਟੀਆਂ ਸ਼ਾਮਲ ਹੋ ਸਕਦੀਆਂ ਹਨ। ਨਿਆਣੇ ਅਤੇ ਛੋਟੇ ਬੱਚੇ ਚਿੜਚਿੜੇ, ਨਿੰਦਰਾਲੇ ਹੋ ਸਕਦੇ ਹਨ ਅਤੇ ਉਨ੍ਹਾਂ ਨੂੰ ਘੱਟ ਭੁੱਖ ਲੱਗ ਸਕਦੀ ਹੈ। ਇਹ ਪ੍ਰਤੀਕਿਰਿਆਵਾਂ ਹਲਕੀਆਂ ਹੁੰਦੀਆਂ ਹਨ ਅਤੇ ਆਮ ਤੌਰ 'ਤੇ ਇੱਕ ਤੋਂ 2 ਦਿਨਾਂ ਲਈ ਰਹਿੰਦੀਆਂ ਹਨ। ਜੇਕਰ ਤੁਹਾਨੂੰ ਵੈਕਸੀਨ ਲਗਵਾਉਣ ਤੋਂ ਬਾਅਦ ਵਿਕਸਤ ਹੋਣ ਵਾਲੇ ਕੋਈ ਵੀ ਲੱਛਣਾਂ ਬਾਰੇ ਚਿੰਤਾਵਾਂ ਹਨ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜਾਂ ਸਲਾਹ ਲਈ **8-1-1** 'ਤੇ ਕਾਲ ਕਰੋ।

ਕੋਵਿਡ-19 mRNA ਵੈਕਸੀਨਾਂ ਲਗਵਾਉਣ ਤੋਂ ਬਾਅਦ ਦਿਲ ਦੀ ਸੋਜਸ਼ (ਮਾਇਓਕਾਰਡਾਈਟਿਸ ਅਤੇ ਪੈਰੀਕਾਰਡਾਈਟਿਸ) ਦੇ ਦੁਰਲੱਭ ਕੇਸਾਂ ਦੀ ਰਿਪੋਰਟ ਕੀਤੀ ਗਈ ਹੈ। ਇਹ ਸਭ ਤੋਂ ਵੱਧ ਵਾਰੀ ਦੇਖੇ ਗਏ ਸਨ:

- ਵੈਕਸੀਨ ਦੀ ਦੂਜੀ ਖੁਰਾਕ ਤੋਂ ਬਾਅਦ ਜਦੋਂ ਖੁਰਾਕਾਂ ਵਿਚਕਾਰ ਸਮਾਂ 8 ਹਫ਼ਤਿਆਂ ਤੋਂ ਘੱਟ ਸੀ
- 12-29 ਸਾਲ ਦੀ ਉਮਰ ਦੇ ਮਰਦਾਂ ਵਿੱਚ
- ਮੋਡਰਨਾ ਵੈਕਸੀਨ ਦੀ ਵੱਧ ਖੁਰਾਕ ਨਾਲ

ਬੁਖ਼ਾਰ ਜਾਂ ਦਰਦ ਲਈ ਐਸੀਟਾਮਿਨੋਫ਼ਿਨ (ਜਿਵੇਂ ਕਿ ਟਾਇਲੇਨੋਲ ®) ਜਾਂ ਆਈਬਿਊਪਰੋਫ਼ੈਨ (ਜਿਵੇਂ ਕਿ ਐਡਵਿਲ ®) ਲਈ ਜਾ ਸਕਦੀ ਹੈ। ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਏਐਸਏ (ASA) (ਉਦਹਾਰਣ ਲਈ ਐਸਪਰੀਨ (Aspirin®)) ਨਹੀਂ ਦਿੱਤੀ ਜਾਣੀ ਚਾਹੀਦੀ।

ਰਏਏ ਸਿੰਡਰੋਮ ਬਾਰੇ ਜਾਣਕਾਰੀ ਲਈ, HealthLinkBC File #84 ਰਏਏ ਸਿੰਡਰੋਮ 'ਤੇ ਜਾਓ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਅਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਮਹੱਤਵਪੂਰਨ ਹੈ। ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ ਸੰਭਾਵਨਾ ਹੋ ਸਕਦੀ ਹੈ। ਅਜਿਹਾ ਵੈਕਸੀਨ ਪ੍ਰਾਪਤ ਕਰਨ ਵਾਲੇ ਇੱਕ ਮਿਲੀਅਨ ਵਿੱਚੋਂ ਇੱਕ ਤੋਂ ਵੀ ਘੱਟ ਲੋਕਾਂ ਵਿੱਚ ਹੁੰਦਾ ਹੈ। ਲੱਛਣਾਂ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇਕਰ ਇਹ ਪ੍ਰਤੀਕਿਰਿਆ ਹੁੰਦੀ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਉਸਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਏਪੀਨੇਫ੍ਰਿਨ (ਐਡਰੇਨਲਿਨ) ਦਿੱਤੇ ਜਾਣਾ ਅਤੇ ਐਂਬੂਲੈਂਸ ਦੁਆਰਾ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਟ੍ਰਾਂਸਫਰ ਕਰਨਾ ਸ਼ਾਮਲ ਹੈ। ਜੇਕਰ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਅਦ ਲੱਛਣ ਪੈਦਾ ਹੁੰਦੇ ਹਨ, ਤਾਂ **9-1-1** 'ਤੇ ਜਾਂ ਆਪਣੇ ਸਥਾਨਕ ਐਮਰਜੈਂਸੀ ਨੰਬਰ 'ਤੇ ਕਾਲ ਕਰੋ।

ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹਮੇਸ਼ਾ ਗੰਭੀਰ ਜਾਂ ਅਚਾਨਕ ਹੋਣ ਵਾਲੀਆਂ ਪ੍ਰਤੀਕਿਰਿਆਵਾਂ ਦੀ ਰਿਪੋਰਟ ਕਰੋ।

ਕੋਵਿਡ-19 mRNA ਵੈਕਸੀਨ ਲੈਣ ਤੋਂ ਬਾਅਦ, ਵੈਕਸੀਨ ਦੀ ਸੁਰੱਖਿਆ ਦੀ ਨਿਗਰਾਨੀ ਕਰਨ ਵਾਲੇ ਅਧਿਐਨ ਵਿੱਚ ਹਿੱਸਾ ਲੈਣ ਲਈ ਤੁਹਾਡੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ। CANVAS ਅਧਿਐਨ ਬਾਰੇ ਹੋਰ ਜਾਣਨ ਲਈ, ਕਿਰਪਾ ਕਰਕੇ https://canvas-network.ca 'ਤੇ ਜਾਓ।

## ਕਿਸਨੂੰ ਵੈਕਸੀਨ ਨਹੀਂ ਲਗਵਾਉਣੀ ਚਾਹੀਦੀ?

ਜੇਕਰ ਤੁਹਾਨੂੰ ਪੋਲੀਏਥੇਲੀਨ ਗਲਾਏਕੋਲ (PEG), ਜੋ ਕਿ ਕੋਵਿਡ-19 mRNA ਦੋਵਾਂ ਵੈਕਸੀਨਾਂ ਵਿੱਚ ਹੈ, ਤੋਂ ਗੰਭੀਰ ਐਲਰਜੀ (ਐਨਾਫਲਾਕਸਿਸ) ਹੈ, ਤਾਂ ਤੁਹਾਨੂੰ ਇਹ ਵੈਕਸੀਨ ਨਹੀਂ ਲਗਵਾਉਣੀ ਚਾਹੀਦੀ। PEG ਸ਼ਿੰਗਾਰ ਦੇ ਕੁਝ ਉਤਪਾਦਾਂ, ਚਮੜੀ ਦੀ ਦੇਖਭਾਲ ਦੇ ਉਤਪਾਦਾਂ, ਲੇਗਜ਼ੇਟਿਵਜ਼, ਖੰਘ ਦੇ ਸਿਰਪਾਂ, ਅਤੇ ਅੰਤੜੀਆਂ ਨੂੰ ਕੋਲੋਨੋਸਕੋਪੀ ਲਈ ਤਿਆਰ ਕਰਨ ਵਾਲੇ ਉਤਪਾਦਾਂ ਵਿੱਚ ਪਾਇਆ ਜਾ ਸਕਦਾ ਹੈ। ਕੁਝ ਪ੍ਰੋਸੈਸਡ ਭੋਜਨਾਂ ਅਤੇ ਪੀਣ ਵਾਲੇ ਪਦਾਰਥਾਂ ਵਿੱਚ PEG ਇੱਕ ਐਡਿਟਿਵ ਹੋ ਸਕਦਾ ਹੈ, ਪਰ ਭੋਜਨਾਂ ਅਤੇ ਪੀਣ ਵਾਲੇ ਪਦਾਰਥਾਂ ਵਿੱਚ PEG ਪ੍ਰਤੀ ਐਨਾਫਲਾਕਸਿਸ ਦੇ ਕੋਈ ਮਾਮਲੇ ਰਿਪੋਰਟ ਨਹੀਂ ਕੀਤੇ ਗਏ ਹਨ।

ਜੇਕਰ ਤੁਹਾਨੂੰ ਕੋਵਿਡ-19 ਵੈਕਸੀਨ ਦੀ ਪਿਛਲੀ ਖੁਰਾਕ ਤੋਂ ਬਾਅਦ ਐਨਾਫਲਾਕਸਿਸ ਹੋਇਆ ਸੀ ਜਾਂ ਜੇਕਰ ਤੁਹਾਨੂੰ ਕਿਸੇ ਅਣਜਾਣ ਕਾਰਨ ਕਰਕੇ ਐਨਾਫਲਾਕਸਿਸ ਹੋਇਆ ਸੀ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਕੀ ਵੈਕਸੀਨ ਲਗਵਾਉਣ ਬਾਰੇ ਵਿਚਾਰ ਕਰਨ ਵਾਲੀਆਂ ਕੋਈ ਵਾਧੂ ਗੱਲਾਂ ਹਨ?

ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜੇ:

- ਕੋਵਿਡ-19 ਵੈਕਸੀਨ ਦੀ ਪਿਛਲੀ ਖੁਰਾਕ ਤੋਂ ਬਾਅਦ ਕਿਸੇ ਹੋਰ ਕਾਰਨ ਦੀ ਪਛਾਣ ਕੀਤੇ ਗਏ ਬਿਨਾਂ, ਤੁਹਾਡਾ ਕਿਸੇ ਡਾਕਟਰ ਦੁਆਰਾ ਦਿਲ ਦੀ ਸੋਜ (ਮਾਇਓਕਾਰਡਾਈਟਿਸ ਜਾਂ ਪੈਰੀਕਾਰਡਾਈਟਿਸ) ਦਾ ਨਿਦਾਨ ਕੀਤਾ ਗਿਆ ਸੀ
- ਤੁਹਾਡਾ ਕੋਵਿਡ-19 ਤੋਂ ਬਾਅਦ ਮਲਟੀ-ਸਿਸਟਮ ਇਨਫਲੇਮੇਟਰੀ ਸਿੰਡਰੋਮ ਦਾ ਇਤਿਹਾਸ ਹੈ
- ਤੁਹਾਨੂੰ ਕੋਵਿਡ -19 ਦੇ ਲੱਛਣ ਹਨ

ਜੇਕਰ ਤੁਹਾਨੂੰ ਕੋਈ ਨਵੀਂ ਬਿਮਾਰੀ ਹੈ ਜੋ ਤੁਹਾਨੂੰ ਆਪਣੀਆਂ ਨਿਯਮਤ ਗਤੀਵਿਧੀਆਂ ਕਰਨ ਤੋਂ ਰੋਕ ਰਹੀ ਹੈ, ਤਾਂ ਤੁਹਾਨੂੰ ਠੀਕ ਹੋਣ ਤੱਕ ਉਡੀਕ ਕਰਨੀ ਚਾਹੀਦੀ ਹੈ। ਇਹ ਵੈਕਸੀਨ ਦੇ ਮਾੜੇ ਪ੍ਰਭਾਵਾਂ ਨੂੰ ਤੁਹਾਡੀ ਬਿਮਾਰੀ ਦੇ ਵਿਗੜਨ ਤੋਂ ਵੱਖ ਕਰਨ ਵਿੱਚ ਮਦਦ ਕਰੇਗਾ।

## ਕੋਵਿਡ-19 ਕੀ ਹੈ?

ਕੋਵਿਡ-19, SARS-CoV-2 ਕੋਰੋਨਾਵਾਇਰਸ ਕਾਰਨ ਹੋਣ ਵਾਲੀ ਸਾਹ ਦੀਆਂ ਨਾਲੀਆਂ ਅਤੇ ਫੇਫੜਿਆਂ ਦੀ ਇੱਕ ਲਾਗ ਹੈ। ਕੋਵਿਡ-19 ਦੇ ਲੱਛਣਾਂ ਵਿੱਚ ਖੰਘ, ਸਾਹ ਚੜ੍ਹਨਾ, ਬੁਖਾਰ, ਠੰਡ ਲੱਗਣਾ, ਥਕਾਵਟ ਅਤੇ ਗੰਧ ਜਾਂ ਸੁਆਦ ਦਾ ਨੁਕਸਾਨ ਸ਼ਾਮਲ ਹੋ ਸਕਦੀ ਹੈ। ਜਦੋਂ ਕਿ ਸੰਭਵ ਹੈ ਕਿ ਕੋਵਿਡ-19 ਵਾਲੇ ਕੁਝ ਲੋਕਾਂ ਵਿੱਚ ਕੋਈ ਲੱਛਣ ਨਾ ਹੋਣ ਜਾਂ ਸਿਰਫ਼ ਹਲਕੇ ਲੱਛਣ ਹੀ ਹੋਣ, ਦੂਜਿਆਂ ਨੂੰ ਹਸਪਤਾਲ ਵਿੱਚ ਭਰਤੀ ਹੋਣ ਦੀ ਲੋੜ ਹੋ ਸਕਦੀ ਹੈ ਅਤੇ ਉਨ੍ਹਾਂ ਦੀ ਮੌਤ ਵੀ ਹੋ ਸਕਦੀ ਹੈ। ਗੰਭੀਰ ਬਿਮਾਰੀ ਉਨ੍ਹਾਂ ਲੋਕਾਂ ਵਿੱਚ ਵਧੇਰੇ ਆਮ ਹੈ ਜੋ ਵਡੇਰੀ ਉਮਰ ਦੇ ਹਨ ਅਤੇ ਜਿਨ੍ਹਾਂ ਨੂੰ ਡਾਇਬੀਟੀਜ਼, ਦਿਲ ਦੀ ਬਿਮਾਰੀ ਜਾਂ ਫੇਫੜਿਆਂ ਦੀ ਬਿਮਾਰੀ ਵਰਗੀਆਂ ਕੁਝ ਪੁਰਾਣੀਆਂ ਸਿਹਤ ਸਥਿਤੀਆਂ ਹਨ। ਕੁਝ ਲੋਕਾਂ ਲਈ, ਕੋਵਿਡ-19 ਦੇ ਲੱਛਣ ਹਫ਼ਤਿਆਂ ਜਾਂ ਇਸ ਤੋਂ ਵੱਧ ਸਮੇਂ ਤੱਕ ਲਈ ਰਹਿ ਸਕਦੇ ਹਨ। ਕਿਸੇ ਵਿਅਕਤੀ ਦੀ ਸਿਹਤ 'ਤੇ ਕੋਵਿਡ-19 ਦੇ ਲੰਬੇ ਸਮੇਂ ਦੇ ਪ੍ਰਭਾਵਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ।

## ਕੋਵਿਡ-19 ਕਿਵੇਂ ਫੈਲਦਾ ਹੈ?

ਕੋਵਿਡ-19 ਦਾ ਕਾਰਨ ਬਣਨ ਵਾਲਾ ਵਾਇਰਸ ਖੰਘਣ, ਛਿੱਕਣ, ਬੋਲਣ, ਗਾਉਣ ਅਤੇ ਸਾਹ ਲੈਣ ਰਾਹੀਂ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਫੈਲਦਾ ਹੈ। ਇਹ ਵਾਇਰਸ ਵਾਲੀ ਕਿਸੇ ਵਸਤੂ ਜਾਂ ਸਤ੍ਹਾ ਨੂੰ ਛੂਹਣ ਅਤੇ ਫਿਰ ਆਪਣੀਆਂ ਅੱਖਾਂ, ਨੱਕ ਜਾਂ ਮੂੰਹ ਨੂੰ ਛੂਹਣ ਨਾਲ ਵੀ ਫੈਲ ਸਕਦਾ ਹੈ।

ਕੋਵਿਡ-19 ਵੈਕਸੀਨਾਂ ਬਾਰੇ ਹੋਰ ਜਾਣਕਾਰੀ ਲਈ, ਬੀਸੀਸੀਡੀਸੀ ਦੇ ਕੋਵਿਡ-19 ਵੈਕਸੀਨ ਪੰਨੇ www.bccdc.ca/health-info/diseases-conditions/covid-19/covid-19-vaccine 'ਤੇ ਜਾਓ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਤਾ-ਪਿਤਾ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਨ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ। 19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਉਸ ਲਈ ਇਨਕਾਰ ਕਰ ਸਕਦੇ ਹਨ। ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ 'ਤੇ ਜਾਓ।

---